# ਰੋਜ਼ਾਨਾ ਸਪੋਕਸਮੈਨ ਸੰਪਾਦਕ ਦੀ ਮਾਨਸਿਕਤਾ

# ਦਾ ਮਨੋਵਿਗਿਆਨਕ ਅਧਿਐਨ

ਤਰਦੀਪ ਸਿੰਘ

ਸਪੋਕਸਮੈਨ ਸੰਪਾਦਕ ਦੇ 'ਨਿੱਜੀ ਡਾਇਰੀ ਦੇ ਪੰਨਿਆਂ ਵਿਚ ਦੋ ਤਿੰਨ ਗੱਲਾਂ ਹੀ ਪ੍ਰਮੁੱਖ ਹੁੰਦੀਆਂ ਹਨ। ਸਭ ਤੋਂ ਪਹਿਲੀ ਆਪਣੀ ਸਿਫਤ ਅਤੇ ਕਿਸੇ ਦੀ ਬਦੁਖੋਈ। ਦੂਸਰਾ ਆਪਣੇ ਆਪ ਨੂੰ ਬਹੁਤ ਇਮਾਨਤਾਰ ਸਾਬਤ ਕਰਨ ਦਾ ਯਤਨ ਕਰਨਾ ਅਤੇ ਤੀਸਰਾ ਪਾਠਕਾਂ ਨੂੰ ਭਾਵਨਾਤਮਕ ਤੌਰ 'ਤੇ ਬਲੈਕਮੇਲ ਕਰਕੇ ਉਨਾਂ ਦੀਆਂ ਜੇਬਾਂ ਕੁਤਰਨੀਆਂ। ਮਾਸਿਕ ਰਸਾਲੇ ਦੇ ਛਪਣ ਤੋਂ ਲੈ ਕੇ ਹੁਣ ਤੱਕ ਛਪੇ ਸਾਰੇ ਨਿੱਜੀ ਡਾਇਰੀ ਦੇ ਪੰਨੇ ਪੜ ਲਉ ਬੱਸ ਇਹੀ ਤਿੰਨੇ ਗੱਲਾਂ ਘੁਮਾ ਫਿਰਾ ਕੇ ਮਿਲਣਗੀਆਂ।

ਹੁਣ ਜੇਕਰ ਕਿਸੇ ਮਨੋਵਿਗਿਆਨਕ ਦੇ ਵਿਦਿਆਰਥੀ ਨਾਲ ਉਪਰੋਕਤ ਦੱਸੀਆਂ ਤਿੰਨ ਗੱਲਾਂ ਬਾਰੇ ਦਸ ਕੇ ਜਾਣਕਾਰੀ ਲੈਣਾ ਚਾਹੋਗੇ ਤਾਂ ਉਹ ਤੁਹਾਨੂੰ ਦੱਸੇਗਾ ਕਿ ਵਾਰ ਵਾਰ ਕੁਝ ਹੀ ਗੱਲਾਂ ਦੁਹਰਾਉਣ ਪਿਛੇ ਕਿਹੜੀ ਮਾਨਸਿਕਤਾ ਕੰਮ ਕਰਦੀ ਹੈ? ਪਹਿਲੀ ਗੱਲ ਇਹ ਸਾਬਤ ਕਰਦੀ ਹੈ ਕਿ ਅਜਿਹਾ ਲਿਖਣ ਵਾਲਾ ਮਨੁੱਖ ਅੰਦਰੋਂ ਪਰਲੇ ਦਰਜੇ ਦਾ ਈਰਖਾਲੂ ਅਤੇ ਹੰਕਾਰ ਨਾਲ ਨੱਕੋ-ਨੱਕੋ ਭਰਿਆ ਪਿਆ ਹੁੰਦਾ ਹੈ। ਦੂਸਰਾ ਵਾਰ ਵਾਰ ਆਪਣੀ ਇਮਾਨਦਾਰੀ ਦੇ ਗੁਣ ਗਾਉਣ ਵਾਲਾ ਮਨੁੱਖ ਅਸਲ ਵਿਚ ਪਰਲੇ ਦਰਜੇ ਦਾ ਬੇਈਮਾਨ ਹੁੰਦਾ ਹੈ। ਆਪਣੀ ਬੇਈਮਾਨੀ ਜਾਹਿਰ ਹੋਣ ਦਾ ਡਰ ਹੀ ਉਸ ਨੂੰ ਵਾਰ ਵਾਰ ਆਪਣੀ ਇਮਾਨਦਾਰੀ ਦਾ ਢੰਡੋਰਾ ਆਪ ਹੀ ਪਿਟਣ ਲਈ ਮਜਬੂਰ ਕਰਦਾ ਹੈ। ਜਦੋਂ ਦੂਸਰੀ ਗੱਲ ਭਾਵ ਆਪਣੇ ਆਪ ਨੂੰ ਇਮਾਨਦਾਰ ਸਾਬਤ ਕਰਨ ਲਈ ਲਿਖਣ ਤੋਂ ਬਾਅਦ ਬੰਦਾ ਕਿਸੇ ਨਾ ਕਿਸੇ ਤਰੀਕੇ ਨਾਲ ਤੁਹਾਡੇ ਕੋਲੋਂ ਪੈਸੇ ਦੀ ਮੰਗ ਕਰਦਾ ਹੈ ਤਾਂ ਦੂਸਰੀ ਗੱਲ ਆਪਣੇ ਆਪ ਹੀ ਸੱਚ ਸਾਬਤ ਹੋ ਜਾਂਦੀ ਹੈ। ਇਹ ਗੱਲਾਂ ਮਨੋਵਿਗਿਆਨ ਦਾ ਵਿਦਿਆਰਥੀ ਮੁਢਲੇ ਪੱਧਰ ਉਪਰ ਹੀ ਪੜ ਲੈਂਦਾ ਹੈ। ਮਿਤੀ ੨੫ ਦਸੰਬਰ ੨੦੧੧ ਦੇ ਆਪਣੀ ਨਿੱਜੀ ਡਾਇਰੀ ਦੇ ਪੰਨਿਆਂ ਵਿਚ ਲਿਖਿਆ ਲੇਖ ਸੰਪਾਦਕ ਦੀ ਅੰਦਰਲੀ ਸੜਾਂਦ ਮਾਰਦੀ ਮਾਨਸਿਕਤਾ ਦਾ ਪ੍ਰਤੱਖ ਪ੍ਰਗਟਾਵਾ ਹੈ। ਅਜਿਹੀ ਸੜਾਂਦੀ ਹਉਮੈਗ੍ਰਸਤ ਮਾਨਸਿਕਤਾ ਆਪਣੇ ਬਾਰੇ ਪ੍ਰਗਟ ਕੀਤੇ ਜਾ ਰਹੇ ਕਿਸੇ ਵੀ ਸੱਚ ਨੂੰ ਬਰਦਾਸ਼ਤ ਨਹੀਂ ਕਰ ਸਕਦੀ ਅਤੇ ਉਸ ਸੱਚ ਨੂੰ ਦਬਾਉਣ ਲਈ, ਬਦਨਾਮ ਕਰਨ ਲਈ ਜਾਂ ਰੋਕਣ ਲਈ ਘਟੀਆ ਤੋਂ ਘਟੀਆ ਹੱਥ ਕੰਢੇ ਵਰਤਣ ਤੋਂ ਵੀ ਗੁਰੇਜ਼ ਨਹੀਂ ਕਰਦਾ। ੧੯ ਦਸੰਬਰ ੨੦੧੧ ਨੂੰ 'ਸਚ ਦੀ ਬੇਲਾ' ਸਪਤਾਹਿਕ ਅਖ਼ਬਾਰ ਨੂੰ ਜਾਰੀ ਕਰਨ ਬਾਰੇ ਖ਼ਬਰ ਵਿਚ ਇਹ ਝੂਠ ਲਿਖਣਾ ਕਿ ਤਿੰਨ ਘੰਟੇ ਦੇ ਇਸ ਸਮਾਗਮ ਵਿਚ ਇਕ ਹਜ਼ਾਰ ਤੋਂ ਉਪਰ ਵਾਰੀ ਸਪੋਕਸਮੈਨ ਦਾ ਨਾਂ ਲਿਆ ਗਿਆ, ਹੀ ਸੰਪਾਦਕ ਦੀ ਅੰਦਰ ਦੀ ਬੌਖਲਾਹਟ ਜਾਹਿਰ ਕਰਦੀ ਹੈ। ੨੫ ਦਸੰਬਰ ਦੇ ਨਿੱਜੀ ਡਾਇਰੀ ਦੇ ਪੰਨੇ ਦੀ ਲਿਖਤ ਨੇ ਇਸ ਬੌਖਲਾਹਟ ਨੂੰ ਸੱਚ ਸਾਬਤ ਕਰ ਦਿੱਤਾ। ਬੰਦੇ ਦੇ ਆਪਣੇ ਪਾਪ ਹੀ ਉਸ ਨੂੰ ਡਰਾਉਂਦੇ ਹਨ। ਅਜਿਹੀ ਕਰਤੂਤ ਇਸ ਸੰਪਾਦਕ ਨੇ ਕੋਈ ਪਹਿਲੀ ਵਾਰੀ ਨਹੀਂ ਕੀਤੀ।ਦਾਸ ਜਦੋਂ ਖਾਲਸਾ ਖੰਡੇਧਾਰ ਦਾ ਆਨਰੇਰੀ ਮੈਨੇਜਰ ਸੀ ਤਾਂ ਇਸ ਸੰਪਾਦਕ ਦੀਆਂ ਕਰਤੂਤਾਂ ਬਾਰੇ ਹਰ ਮਹੀਨੇ ਸੰਗਤਾਂ ਨੂੰ ਸੁਚੇਤ ਕੀਤਾ ਜਾਦਾਂ ਸੀ ਜਿਸ ਨੂੰ ਜਾਹਿਰ ਹੋਣੋ ਰੋਕਣ ਲਈ ਇਸ ਸੰਪਾਦਕ ਨੇ Rise and Fall of Khalistan movement ਕਿਤਾਬ ਵਿਚੋਂ ਅਧੂਰੀਆਂ ਸਤਰਾਂ ਲੈ ਕੇ ਝੂਠੀ ਖ਼ਬਰ ਛਾਪੀ ਸੀ ਜਿਸ ਬਾਰੇ ਪੂਰਾ ਵਿਸਥਾਰ ਪਾਠਕਾਂ ਨਾਲ ਕਿਸੇ ਵੱਖਰੇ ਲੇਖ ਵਿਚ ਸਾਂਝਾ ਕੀਤਾ ਜਾਵੇਗਾ।

ਹੁਣ ਵੀ ੮ ਜਨਵਰੀ ਅਤੇ ੧੫ ਜਨਵਰੀ ੨੯੧੨ ਵਾਲੇ ਨਿੱਜੀ ਡਾਇਰੀ ਦੇ ਪੰਨੇ ਇਸ ਸੰਪਾਦਕ ਦੀ ਆਪਣੇ ਆਪ ਨੂੰ ਬੜਾ ਵੱਡਾ ਤੇ ਇਮਾਨਦਾਰ ਬੰਦਾ ਸਾਬਤ ਕਰਨ ਦੀ ਭੁੱਖ ਹੀ ਸਾਬਤ ਕਰਦੇ ਹਨ। ੮ ਜਨਵਰੀ ਅਤੇ ੧੫ ਜਨਵਰੀ ਵਾਲੇ ਦੋਨੋਂ ਐਤਵਾਰ ਹੀ ਇਸ ਸੰਪਾਦਕ ਨੇ ਉਨਾਂ ਬੰਦਿਆਂ ਦੀ ਬਦਖੋਈ ਕੀਤੀ ਹੈ ਜਿਹੜੇ ਹੁਣ ਇਸ ਦੁਨੀਆ ਵਿਚ ਨਹੀਂ ਹਨ ਅਤੇ ਆਪਣੀ ਸਿਫਤ ਵੀ ਡਾ. ਹਰਨਾਮ ਸਿੰਘ ਸ਼ਾਨ ਵਰਗੇ ਦੇ ਮੂੰਹੋਂ ਕਢਾਈ ਹੈ ਜੋ ਹੁਣ ਨਹੀਂ ਹਨ। ਵੈਸੇ ਇਹ ਖੇਡ ਇਸ ਸੰਪਾਦਕ ਨੇ ਕੋਈ ਨਵੀਂ ਨਹੀਂ ਖੇਡੀ। ਹੁਣ ਤੱਕ ਇਸ ਸੰਪਾਦਕ ਦੇ ਕੋਈ ਵੀ ਨਿੱਜੀ ਡਾਇਰੀ ਦੇ ਪੰਨੇ ਕੱਢ ਕੇ ਵੇਖ ਲਉ ਇਹ ਸੰਪਾਦਕ ਮੋਇਆਂ ਦੀਆਂ ਹੀ ਬਦਖੋਈਆਂ ਕਰਦਾ ਹੈ ਅਤੇ ਮੋਇਆ ਕੋਲੋਂ ਹੀ ਆਪਣੀਆਂ ਸਿਫਤਾਂ ਕਰਵਾਉਂਦਾ ਹੈ। ਦੋਹਾਂ ਵਿਚੋਂ ਕਿਸੇ ਨੇ ਵੀ ਇਸ ਦੇ ਝੂਠ ਜਾਹਿਰ ਕਰਨ ਲਈ ਇਸ ਧਰਤੀ ਉਪਰ ਨਹੀਂ ਆਉਣਾ। ਇਸ ਲਈ ਇਹ ਸੰਪਾਦਕ ਜੀ ਮੋਇਆਂ ਦਾ ਲਾਹਾ ਲੈਂਦੇ ਹਨ।

ਬਾਕੀ ਅਜਿਹੀਆਂ ਲਿਖਤਾਂ ਤੋਂ ਉਨਾਂ ਸਾਧਾਂ ਸੰਤਾਂ ਨੂੰ ਵੀ ਸਬਕ ਸਿਖਣਾ ਚਾਹੀਦਾ ਹੈ ਜੋ ਇਸ ਦਾ ਮੂੰਹ ਬੰਦ ਕਰਵਾਉਣ ਲਈ ਇਸ਼ਤਿਹਾਰ ਰੂਪੀ ਟੁਕੜ ਇਸ ਦੇ ਮੂੰਹ ਵਿਚ ਪਾਉਂਦੇ ਰਹਿੰਦੇ ਹਨ। ਉਨਾਂ ਦੇ ਮਰਨ ਤੋਂ ਬਾਅਦ ਸੰਪਾਦਕ ਆਪਣੀ ਕਾਲੀ ਲੇਖਣੀ ਰਾਹੀਂ ਉਨਾਂ ਦੇ ਵੀ ਇਸੇ ਤਰਾਂ ਕਸੀਦੇ ਪੜੇਗਾ। ਮੈਨੂੰ ਕਈ ਅਜਿਹੇ ਅਖੌਤੀ ਗਰਮ ਖਿਆਲੀ ਬੰਦਿਆਂ ਦਾ ਪਤਾ ਹੈ ਜੋ ਕਿਸੇ ਸਮੇਂ ਆਪਣੀਆਂ ਨਿੱਜੀ ਗਰਜਾਂ ਕਰਕੇ ਇਸ ਸੰਪਾਦਕ ਦਾ ਸਾਥ ਦਿੰਦੇ ਰਹੇ ਅਤੇ ਲੈਂਦੇ ਰਹੇ ਪ੍ਰੰਤੂ ਅੱਜ ਅਜਿਹੇ ਸਿਧਾਂਤਹੀਣ ਬੰਦਿਆਂ ਦੀਆਂ ਖ਼ਬਰਾਂ ਵੀ ਇਹ ਸੰਪਾਦਕ ਆਪਣੇ ਅਖ਼ਬਾਰ

ਵਿਚ ਨਹੀਂ ਛਾਪਦਾ। ਇਸ ਦਾ ਕਾਰਨ ਇਹ ਬਣਿਆ ਕਿ ਇਸ ਨੇ ਅਜਿਹੇ ਬੰਦਿਆਂ ਕੋਲੋਂ ਇਸ਼ਤਿਹਾਰਾਂ ਤੋਂ ਇਲਾਵਾ ਆਪਣੀਆਂ ਪੰਥ ਦੋਖੀ ਕਾਰਵਾਈਆਂ ਲਈ ਹਮਾਇਤ ਦਾ ਵੀ ਤਲਬਗਾਰ ਸੀ ਜੋ ਕਈ ਅਜਿਹੇ ਅਖੌਤੀ ਗਰਮ ਖਿਆਲੀਆਂ ਨੂੰ ਵਾਰਾ ਨਹੀਂ ਸੀ ਖਾਂਦਾ। ਸੋ ਟੁੱਟ ਗਈ ਤੜੱਕ ਕਰਕੇ ਵਾਂਗ ਅਜਿਹੇ ਗਰਮ ਖਿਆਲੀਆਂ ਦੇ ਬਿਆਨ ਵੀ ਹੁਣ ਕਦੀਂ ਇਸ ਦੇ ਅਖਬਾਰ ਵਿਚ ਨਹੀਂ ਲੱਭਦੇ। ਉਲਟਾ ਉਨਾਂ ਨੂੰ ਇਹ ਵੀ ਡਰ ਲੱਗਦਾ ਰਹਿੰਦਾ ਹੈ ਕਿ ਜੇਕਰ ਅਸੀਂ ਜ਼ਿਆਦਾ ਉਚੀ ਆਵਾਜ਼ ਵਿਚ ਇਸ ਸੰਪਾਦਕ ਦੀਆਂ ਪੰਥ ਦੋਖੀ ਕਾਰਵਾਈਆਂ ਦਾ ਵਿਰੋਧ ਕੀਤਾ ਤਾਂ ਇਹ ਆਪਣੇ ਨਾਲ ਮਿਲਵਰਤਣ ਦੇ ਸਾਡੇ ਵੀ ਪਰਦੇ ਜਾਹਰ ਕਰ ਦੇਵੇਗਾ। ਅਜਿਹੇ ਗਰਮ ਖਿਆਲੀਏ ਹੁਣ ਆਪਣੀ ਇੱਜ਼ਤ ਬਚਾਉਣ ਦੀ ਖਾਤਰ ਇਸ ਦੀਆਂ ਪੰਥ ਦੋਖੀ ਕਾਰਵਾਈਆਂ ਦਾ ਕੌੜਾ ਘੁੱਟ ਵੀ ਮਿੱਠਾ ਕਰਕੇ ਪੀ ਰਹੇ ਹਨ ਪਰ ਉਨਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਜਿਹੜਾ ਗੁਰੂ ਨਾਨਕ ਦਾ ਨਹੀਂ ਬਣਿਆ ਉਹ ਤੁਹਾਡਾ ਕਿਵੇਂ ਬਣੇਗਾ। ਰੱਬ ਨਾ ਕਰੇ ਇਨਾਂ ਅਖੌਤੀ ਗਰਮ ਖਿਆਲੀਆਂ ਵਿਚੋਂ ਕਿਸੇ ਨੂੰ ਅੱਜ ਕੁਝ ਹੋ ਜਾਵੇ ਤਾਂ ਉਨਾਂ ਬਾਰੇ ਇਹ ਸੰਪਾਦਕ ਇਸ ਤਰਾਂ ਹੀ ਲਿਖੇਗਾ। ਅਸਲ ਵਿਚ ਇਸ ਦਾ ਵੀ ਅਜਿਹੀਆਂ ਲਿਖਤਾਂ ਛਾਪਣ ਦਾ ਮਕਸਦ ਅਜਿਹੇ ਜਿਉਂਦੇ ਕਾਗਜ਼ੀ ਸ਼ੇਰਾਂ ਨੂੰ ਡਰਾ ਕੇ ਰੱਖਣਾ ਹੀ ਹੈ।

ਮਨੋਵਿਗਿਆਨ ਮੁਤਾਬਕ ਦੂਸਰਾ ਕਾਰਨ ਭਾਵ ਆਪਣੇ ਆਪ ਨੂੰ ਵਾਰ ਵਾਰ ਇਮਾਨਦਾਰ ਸਾਬਤ ਕਰਨ ਦੀ ਦੁਹਾਈ ਦੇਣ ਦਾ ਕਾਰਨ ਅਸਲ ਵਿਚ ਅਜਿਹੇ ਮਨੁੱਖ ਦੇ ਦਿਮਾਗ ਦੀ ਡਰੂ ਮਾਨਸਿਕਤਾ ਹੀ ਹੁੰਦੀ ਹੈ ਜੋ ਵਾਰ ਵਾਰ ਉਸ ਨੂੰ ਆਪਣੀਆਂ ਠੱਗੀਆਂ ਅਤੇ ਪਾਪਾਂ ਨੂੰ ਛੁਪਾਉਣ ਲਈ ਅਜਿਹਾ ਲਿਖਣ ਲਈ ਮਜਬੂਰ ਕਰਦੀ ਹੈ। ਜਦਕਿ ਇਸ ਦੇ ਉਲਟ ਜੇਕਰ ਤੁਸੀਂ ਇਮਾਨਦਾਰ ਹੋ ਤਾਂ ਤੁਹਾਨੂੰ ਢੰਡੋਰਾ ਪਿਟਣ ਦੀ ਕੋਈ ਲੋੜ ਨਹੀਂ ਤੁਹਾਡੇ ਕਾਰਜ ਅਤੇ ਜੀਵਨ ਜਾਚ ਹੀ ਤੁਹਾਡੀ ਇਮਾਨਦਾਰੀ ਲਈ ਕਾਫ਼ੀ ਹੁੰਦੀ ਹੈ। ਪ੍ਰੰਤੂ ਇਸ ਸੰਪਾਦਕ ਦੇ ਨਾ ਤਾਂ ਕਾਰਜ ਅਤੇ ਨਾ ਹੀ ਜੀਵਨ ਜਾਚ ਅਜਿਹਾ ਸਾਬਤ ਕਰਦੀ ਹੈ ਜਿਸ ਕਰਕੇ ਪਿਛਲੇ ਸਮੇਂ ਅੰਦਰ ਕਈ ਨੇੜਲੇ ਸਹਿਯੋਗੀ ਵੀ ਇਸ ਦਾ ਸਾਥ ਛੱਡ ਗਏ ਹਨ। ਸਾਥ ਛੱਡਣ ਵਾਲੇ ਕਈ ਲੋਕਾਂ ਦੀ ਭਾਵੇਂ ਕਈ ਪੱਖ ਤੋਂ ਇਸ ਸੰਪਾਦਕ ਨਾਲ ਵਿਚਾਰਧਾਰਕ ਸਾਂਝ ਵੀ ਸੀ ਪ੍ਰੰਤੂ ਇਸ ਦੇ ਬਾਵਜੂਦ ਉਹ ਇਸ ਦੀਆਂ ਕਰਤੂਤਾਂ, ਬੋਲ ਬਾਣੀ, ਕਥਨੀ-ਕਰਨੀ ਦੇ ਅੰਤਰ ਅਤੇ ਇਸ ਦੀ ਹੱਦੋਂ ਵੱਧ ਪੰਥ ਦੋਖੀ ਮਨਸ਼ਾ ਵੇਖ ਕੇ ਦਸਮ ਗ੍ਰੰਥ ਦੇ ਵਿਰੋਧੀ ਹੋਣ ਦੇ ਬਾਵਜੂਦ ਇਸ ਨੂੰ ਛੱਡ ਗਏ ਹਨ। ਇਸ ਸੰਪਾਦਕ ਦੀ ਇਮਾਨਦਾਰੀ ਦੀਆਂ ਵੈਸੇ ਤਾਂ ਬਹੁਤ ਮਿਸਾਲਾਂ ਹਨ ਜਿਨਾਂ ਦਾ ਵਿਸਥਾਰ ਪਾਠਕ 'ਸਪੋਕਸਮੈਨ ਦਾ ਝੂਠੋ ਝੂਠ' ਕਿਤਾਬ ਵਿਚ ਜਾਂ www.rozanaspokesman420.com 'ਤੇ ਪੜ ਸਕਦੇ ਹਨ। ਅੱਜ ਤੱਕ ਇਸ ਦੀਆਂ ਠੱਗੀਆਂ ਜਾਹਿਰ ਕਰਦੀਆਂ ਦਾਸਰਿਆਂ ਵਲੋਂ ਛਾਪੀਆਂ ਲਿਖਤਾਂ ਦਾ ਕੋਈ ਜਵਾਬ ਚਾਹ ਕੇ ਵੀ ਇਹ ਸੰਪਾਦਕ ਨਹੀਂ ਦੇ ਸਕਿਆ ਕਿਉਂਕਿ ਤੱਥਾਂ ਦਾ ਕੋਈ ਜਵਾਬ ਨਹੀਂ ਹੁੰਦਾ ਅਸੀਂ ਇਥੇ ਇਸ ਦੀਆਂ ਦੋ ਚਾਰ ਮੋਟੀਆਂ ਠੱਗੀਆਂ ਅਤੇ ਝੂਠਾਂ ਦੀ ਗੱਲ ਕਰਾਂਗੇ। ਜਦੋਂ ਇਹ ਮਾਸਿਕ ਰਸਾਲਾ ਛਾਪਦਾ ਹੁੰਦਾ ਸੀ ਤਾਂ ਇਸਨੇ ਪਹਿਲੇ ਦਿਨ ਤੋਂ ਹੀ ਸਪਤਾਹਿਕ ਰਸਾਲਾ ਛਾਪਣ ਲਈ ਚੁੰਦੇ ਇਕੱਠੇ ਕਰਨੇ ਸ਼ੁਰੂ ਕਰ ਦਿੱਤੇ ਸਨ ਪ੍ਰੰਤੂ ਉਹ ਸਪਤਾਹਿਕ ਰਸਾਲਾ ਤਾਂ ਕੀ ਛਪਣਾ ਸੀ ਮਾਸਿਕ ਰਸਾਲਾ ਵੀ ਬੰਦ ਹੋ ਗਿਆ। ਹੁਣ ਜਿਨਾਂ ਪਾਠਕਾਂ ਕੋਲੋਂ ਸਪਤਾਹਿਕ ਅਤੇ ਮਾਸਿਕ ਰਸਾਲੇ ਦੇ ਪੈਸੇ ਇਕੱਠੇ ਕੀਤੇ ਸਨ ਉਹ ਕਿਧਰ ਗਏ ਕਿਉਂਕਿ ਵਾਪਸ ਤਾਂ ਉਹ ਇਸ ਨੇ ਕਿਸੇ ਨੂੰ ਵੀ ਨਹੀਂ ਕੀਤੇ। ਇਸ ਸੰਪਾਦਕ ਨੇ ਆਪਣਿਆਂ ਰਸਾਲਿਆਂ ਵਿਚ ਕਈ ਵਾਰੀ ਸਾਰੀ ਜਾਇਦਾਦ ਟਰੱਸਟ ਦੇ ਹਵਾਲੇ ਕਰਨ ਦਾ ਐਲਾਨ ਕਰਕੇ ਜਦੋਂ ਟਰੱਸਟ ਬਣਾਇਆ ਤਾਂ ਸਿਰਫ ਤੇ ਸਿਰਫ਼ ੫੦੧ ਰੁਪਏ ਨਾਲ ਹੀ ਟਰੱਸਟ ਬਣਾ ਲਿਆ ਅਤੇ ਜਾਇਦਾਦ ਆਪਣੀ ਨਿੱਜੀ ਬਣਾ ਲਈ ਜੋ ਜਗਜੀਤ ਪਬਲਿਸਿੰਗ ਕੰਪਨੀ ਪ੍ਰਾਈਵੇਟ ਲਿਮਟਿਡ ਦੇ ਨਾਂ 'ਤੇ ਹੈ। ਸਾਰਾ ਕੁਝ ਇਸ ਕੰਪਨੀ ਦੇ ਨਾਂ ਤੇ ਹੈ ਟਰੱਸਟ ਦਾ ਤਾਂ ਸਿਰਫ਼ ਵਿਖਾਵਾ ਹੀ ਹੈ। ਹੁਣੇ ਬਾਬੇ ਨਾਨਕ ਦੇ ਦਰ ਲਈ ਜਿਹੜੀ ਜ਼ਮੀਨ ਖਰੀਦੀ ਹੈ ਉਹ ਵੀ ਆਪਣੀ ਨਿਜੀ ਕੰਪਨੀ ਦੇ ਨਾਂ ਲਗਵਾ ਲਈ ਹੈ ਉਸ ਕੰਪਨੀ ਦੀ ਮੈਨੇਜਿੰਗ ਡਾਇਰੈਕਟਰ ਆਪਣੀ ਘਰਵਾਲੀ ਨੂੰ ਅਤੇ ਡਾਇਰੈਕਟਰ ਧੀਆਂ ਜਵਾਈ ਬਣਾ ਲਏ ਹਨ।

ਇਹ ਕਿਵੇਂ ਸਕੀਮਾਂ ਦੀਆਂ ਮਿਤੀਆਂ ਵਧਾਉਂਦਾ ਰਿਹਾ ਹੈ ਇਸ ਦੀ ਤਾਜ਼ਾ ਮਿਸਾਲ ਬਾਬਾ ਨਾਨਕ ਦੇ ਦਰ ਲਈ ਪੈਸੇ ਇਕੱਠੇ ਕਰਨ ਦੀ ਹੈ। ਪੈਸੇ ਭੇਜਣ ਦੀ ਆਖਰੀ ਮਿਤੀ ੧੦ ਨਵੰਬਰ ੨੦੧੧ ਮਿਥੀ ਗਈ ਸੀ ਪ੍ਰੰਤੂ ਉਸ ਤੋਂ ਬਾਅਦ ਲਗਾਤਾਰ ਪੈਸੇ ਭੇਜਣ ਦਾ ਇਸ਼ਤਿਹਾਰ ਛਪ ਰਿਹਾ ਹੈ ਅਤੇ ਉਸ ਸਕੀਮ ਦੇ ਖਤਮ ਹੋਣ ਦੀ ਹੁਣ ਕੋਈ ਮਿਤੀ ਨਹੀਂ। ਇਸੇ ਤਰਾਂ ਦੀਆਂ ਪਹਿਲਾਂ ਵੀ ਇਸ ਨੇ ਕਈ ਸਕੀਮਾਂ ਚਲਾਈਆਂ ਸਨ ਪ੍ਰੰਤੂ ਕਦੀਂ ਵੀ ਇਕ ਦੋ ਵਾਰੀ ਅਧੂਰੀਆਂ ਜਿਹੀਆਂ ਸੂਚੀਆਂ ਛਪਾ ਕੇ ਪੈਸੇ ਭੇਜਣ ਵਾਲਿਆਂ ਦੀ ਇਸ ਤਰਾਂ ਲਗਾਤਾਰ ਸੂਚੀ ਨਹੀਂ ਛਾਪੀ ਸੀ ਕਿਉਂਕਿ ਉਸ ਨਾਲ ਇਸ ਸੰਪਾਦਕ ਦੀਆਂ ਠੱਗੀਆਂ ਜਾਹਿਰ ਹੁੰਦੀਆਂ ਸਨ। ਹੁਣ ਵੀ ਇਸ ਸੰਪਾਦਕ ਵਲੋਂ ਪੈਸਾ ਭੇਜਣ ਵਾਲਿਆਂ ਦੀ ਸੂਚੀ ਆਪਣੀ ਇਮਾਨਦਾਰੀ ਸਾਬਤ ਕਰਨ ਲਈ ਨਹੀਂ ਛਾਪੀ ਜਾ ਰਹੀ ਬਲਕਿ ਇਹ ਸੂਚੀ ਛਾਪਣੀ ਇਸ ਦੀ ਮਜਬੂਰੀ ਹੈ ਕਿਉਂਕਿ ' ਬਾਬਾ ਨਾਨਕ ਦਾ ਦਰ' ਨਿੱਜੀ ਜਾਇਦਾਦ ਹੈ। ਆਪਣੀ ਨਿੱਜੀ ਜਾਇਦਾਦ ਜਗਜੀਤ ਪਬਲਿਸ਼ਿੰਗ ਕੰਪਨੀ ਨੂੰ ਇਨਕਮ ਟੈਕਸ ਤੋਂ ਬਚਾਉਣ ਲਈ ਇਸ ਸੰਪਾਦਕ ਵਲੋਂ ਇਹ ਸੂਚੀ ਲਗਾਤਾਰ ਛਾਪੀ ਜਾ ਰਹੀ ਹੈ ਜੇਕਰ ਇਸ ਨੂੰ ਕੋਈ ਫਾਇਦਾ ਨਾ ਦਿਸਦਾ ਹੁੰਦਾ ਤਾਂ ਇਸ ਨੇ ਐਤਕੀਂ ਵੀ ਸੂਚੀ ਕਦੀਂ ਨਹੀਂ ਸੀ

ਛਾਪਣੀ। ਕਈ ਵਾਰੀ ਇਹ ਇਕ ਹੋਰ ਵੀ ਗੱਪ ਮਾਰਦਾ ਰਿਹਾ ਹੈ ਕਿ ਅਖਬਾਰ ਵਿਚ ਇਹ ਸੰਪਾਦਕ ਅਤੇ ਸਾਰੇ ਹੀ ਫਰੀ ਸੇਵਾ ਕਰਦੇ ਹਨ ਕੋਈ ਤਨਖਾਹ ਨਹੀਂ ਲੈਂਦੇ।

ਇਸ ਤਰਾਂ ਇਸ ਦੀਆਂ ਠੱਗੀਆਂ ਅਤੇ ਗੱਪਾਂ ਮਾਰਨ ਦੀ ਲੰਬੀ ਸੂਚੀ ਹੈ ਹੁਣ ਇਹ ਸਾਰੇ ਝੂਠ ਅਤੇ ਠੱਗੀਆਂ ਹੀ ਇਸ ਨੂੰ ਮਜਬੂਰ ਕਰਦੇ ਹਨ ਕਿ ਉਹ ਵਾਰ ਵਾਰ ਆਪਣੀ ਇਮਾਨਦਾਰੀ ਦਾ ਆਪ ਹੀ ਢੰਢੋਰਾ ਪਿਟੇ ਅਤੇ ਇਸ ਤੋਂ ਬਾਅਦ ਫਿਰ ਭੋਲੇ ਭਾਲੇ ਪਾਠਕਾਂ ਦੀਆਂ ਜੇਬਾਂ ਵਿਚੋਂ ਜੋ ਕਢਵਾਇਆ ਜਾ ਸਕੇ ਉਹ ਕਢਵਾਇਆ ਜਾਵੇ। ਬੱਸ ਇਹੀ ਮਕਸਦ ਹੈ ਇਸ ਸੰਪਾਦਕ ਦਾ। ਆਪਣੀ ਸੜਾਂਦ ਮਾਰਦੀ ਹਉਮੈਗ੍ਰਸਤ ਮਾਨਸਿਕਤਾ ਜਿਹੜੀ ਇਸ ਨੂੰ ਆਪਣੇ ਆਪ ਨੂੰ ਸਭ ਤੋਂ ਵੱਧ ਸਿਆਣਾ ਮੰਨਣ ਲਈ ਮਜਬੂਰੀ ਕਰਦੀ ਹੈ। ਉਸੇ ਰੋਗੀ ਮਾਨਸਿਕਤਾ ਵਿਚੋਂ ਹੀ ਇਸ ਨੂੰ ਪੰਥ ਦੀਆਂ ਨਿਰਮਲ ਪ੍ਰੰਪਰਾਵਾਂ ਅਤੇ ਸੰਸਥਾਵਾਂ ਕੋਝੀਆਂ ਨਜ਼ਰ ਆਉਦੀਆਂ ਹਨ। ਇਸੇ ਕੋਹਝ ਭਰੇ ਨਜ਼ਰੀਏ ਵਿਚੋਂ ਹੀ ਇਸਦੀਆਂ ਪੰਥ ਦੋਖੀ ਲਿਖਤਾਂ ਨਿਕਲੀਆਂ ਹਨ ਜਿਨਾਂ ਬਾਰੇ ਪਾਠਕਾਂ ਨਾਲ ਆਉਦੇ ਸਮੇਂ ਵਿਚ ਜਾਣਕਾਰੀ ਸਾਂਝੀ ਕੀਤੀ ਜਾਵੇਗੀ। ਇਸ ਤਰਾਂ ਮਨੋਵਿਗਿਆਨਕ ਪੱਖ ਤੋਂ ਇਸ ਸੰਪਾਦਕ ਇਕ ਹਉਮੈਗ੍ਰਸਤ, ਇਰਖਾਲੂ ਬਿਰਤੀ ਵਾਲਾ ਅਤੇ ਡਰੂ ਮਾਨਸਿਕਤਾ ਵਾਲਾ ਇਨਸਾਨ ਸਾਬਤ ਹੁੰਦਾ ਹੈ ਅਤੇ ਇਸ ਦੀਆਂ ਪੰਥ ਦੋਖੀ ਲਿਖਤਾਂ ਤੋਂ ਪ੍ਰਭਾਵਤ ਹੋਣ ਵਾਲੇ ਵੀ ਉਪਰੋਕਤ ਅਲਾਮਤਾਂ ਵਿਚੋਂ ਕਿਸੇ ਨਾ ਕਿਸੇ ਦੇ ਜ਼ਰੂਰ ਮਰੀਜ਼ ਹੋਣਗੇ।